ਉ. ਕਲੰਦਰ ਜਾਤੀ ਗਰੀਬ ਵਰਗ ਦੇ ਲੋਕ ਹੁੰਦੇ ਹਨ, ਜੋ ਪਿੰਡਾਂ ਵਿੱਚ ਬਾਂਦਰੀ ਦਾ ਤਮਾਸ਼ਾ ਦਿਖਾ ਕੇ ਬਦਲੇ ਵਿੱਚ ਕੁਝ ਪੈਸੇ ਜਾਂ ਖਾਣ-ਪੀਣ ਦਾ ਸਮਾਨ ਲੈ ਕੇ ਆਪਣੇ ਜੀਵਨ ਦਾ ਗੁਜ਼ਾਰਾ ਕਰਦੇ ਹਨ।

ਪ੍ਰ.21. ਰੋਡੂ ਕੌਣ ਸੀ? ਉਹ ਆਪਣੇ ਜੀਵਨ ਦਾ ਗੁਜ਼ਾਰਾ ਕਿਵੇਂ ਕਰਦਾ ਸੀ?

ਉ. ਰੋਡੂ ਇੱਕ ਕਲੰਦਰ ਸੀ। ਜਿਸ ਨੇ ਮੁੰਦਰੀ ਨੂੰ ਪਾਲਿਆ ਪੋਸਿਆ ਸੀ। ਉਸ ਨਾਲ ਇੱਕ ਬਾਂਦਰੀ (ਫੱਤੋ) ਰਹਿੰਦੀ ਸੀ। ਜਿਸ ਦਾ ਪਿੰਡ-ਪਿੰਡ ਤਮਾਸ਼ਾ ਦਿਖਾ ਕੇ ਆਪਣਾ ਜੀਵਨ ਨਿਰਬਾਹ ਕਰਦਾ ਸੀ।

ਪ੍ਰ.22. ਰੋਡੂ ਫੱਤੋ (ਬਾਂਦਰੀ) ਦੇ ਮੁੰਦਰੀ ਪ੍ਰਤੀ ਕਿਸ ਲਗਾਉ ਨੂੰ ਦੇਖ ਕੇ ਹੈਰਾਨ ਹੋ ਗਿਆ?

ਉ. ਫੱਤੋ (ਬਾਂਦਰੀ) ਦੁਆਰਾ ਮੁੰਦਰੀ ਨੂੰ ਆਪਣੇ ਪੱਟਾਂ ਵਿਚਕਾਰ ਰੱਖ ਕੇ ਰਾਤ ਵਾਲਾ ਦੁੱਧ ਉਸੇ ਤਰ੍ਹਾਂ ਡੂੰਘੇ ਨਾਲ ~~ਪਿਆਰ~~ ਪਿਲਾ ਰਹੀ ਦੇਖ ਕੇ ਰੋਡੂ ਵੀ ਹੈਰਾਨ ਹੋ ਗਿਆ।

ਪ੍ਰ.23. ਨਾਵਲ ਵਿੱਚ ਫੱਤੋ ਬਾਂਦਰੀ ਨੂੰ ਪਾਤਰ ਵਜੋਂ ਕਿਉਂ ਚਿਤਰਿਆ ਗਿਆ?

ਉ. ਇਸ ਦੁਆਰਾ ਲੇਖਕ ਇਹ ਦਰਸਾਉਣਾ ਚਾਹੁੰਦਾ ਹੈ ਕਿ ਜਦੋਂ ਮਨੁੱਖ ਜਾਤੀ ਭਾਵ ਗੁਰਦੇਵੀ ਆਪਣੀ ਧੀ ਨੂੰ ਝਾੜੀਆਂ ਵਿੱਚ ਸੁੱਟ ਕੇ ਤੁਰ ਜਾਂਦੀ ਤਾਂ ਉੱਥੇ ਇੱਕ ਜੰਗਲੀ ਜਾਨਵਰ (ਬਾਂਦਰੀ) ਕਿਵੇਂ ਉਸ ਨੰਨ੍ਹੀ ਜਾਨ (ਮੁੰਦਰੀ) ਪ੍ਰਤੀ ਹਮਦਰਦੀ, ਪਿਆਰ ਦਾ ਭਾਵ ਪ੍ਰਗਟ ਕਰਦੀ ਹੈ।

ਪ੍ਰ.24. ਬਚਨ ਸਿੰਘ ਕੌਣ ਸੀ? ਉਹ ਪਿੰਡ ਵਾਲਿਆਂ ਦੀਆਂ ਅੱਖਾਂ ਵਿੱਚ ਕਿਉਂ ਰੜਕਦਾ ਸੀ?

ਉਹ ਕਲਪਨਾਂ ਦੀ ਧੀ ਮੁੰਦਰੀ ਅਤੇ ਪਿੰਡ ਦੇ ਹੋਰ ਬੱਚਿਆਂ ਦੇ ਪੜ੍ਹਨ ਦੀ ਵਿਵਸਥਾ ਕਰਦਾ ਹੈ। ਪਰ ਪਾਲਾ ਸਿੰਘ ਤੇ ਉਸ ਦੀ ਜੁੰਡਲੀ ਪਿੰਡ ਵਾਸੀਆਂ ਨੂੰ ਬਚਨਾ ਸਿੰਘ ਦੇ ਵਿਰੁੱਧ ਭੜਕਾ ਦਿੰਦੀ ਹੈ। ਕਿ ਕਿਵੇਂ ਉਸ ਨੇ ਮਜ਼੍ਹਬੀਆਂ ਦੀ ਕੁੜੀ ਨਾਲ ਸੰਬੰਧ ਕਾਇਮ ਕੀਤੇ ਹਨ ਅਤੇ ਉਸ ਨੂੰ ਸਿੱਖਿਆ ਪ੍ਰਦਾਨ ਕਰਕੇ ਉਸ ਨੇ ਧਰਮ ਨੂੰ ਭ੍ਰਿਸ਼ਟ ਕੀਤਾ ਹੈ। ਇਸ ਕਰਕੇ ਬਚਨਾ ਸਿੰਘ ਮਜ਼੍ਹਬੀਆਂ ਦੀ ਕੁੜੀ ਮੁੰਦਰੀ ਦੇ ਪੱਖ ਵਿੱਚ ਗੱਲ ਕਰਕੇ ਉਹ ਪਿੰਡ ਵਾਸੀਆਂ ਦੀਆਂ ਅੱਖਾਂ ਵਿੱਚ ਗਿਰ ਜਾਂਦਾ ਹੈ।

ਪ੍ਰ.25. ਨਾਟਕ ਵਿੱਚ ਪਾਲਾ ਸਿੰਘ ਕਿਹੋ-ਜਿਹਾ ਪਾਤਰ ਹੈ?

ਉ. ਪਾਲਾ ਸਿੰਘ ਪਿੰਡ ਦੇ ਚੌਧਰੀਆਂ ਦਾ ਮੋਹਰੀ, ਚੋਰ, ਪ੍ਰਕਿਰਤੀ ਦਾ ਮੁਖਬਰ ਹੈ। ਉਹ ਮੁੰਦਰੀ ਨੂੰ ਆਪਣੇ ਘਰ ਪਰਿਵਾਰ ਦੀ ਗੋਲੀ ਨਾਲ ਬਚਨ ਸਿੰਘ ਨੂੰ ਕਤਲ ਦੇ ਝੂਠੇ ਮੁਕੱਦਮੇ ਵਿੱਚ ਫਸਾ ਦਿੰਦਾ ਹੈ। ਮੁੰਦਰੀ ਦੇ ਧਰਮੀ ਪਿਤਾ ਲੱਖੂ ਦੀ ਜਾਨ ਲੈ ਲੈਂਦਾ ਹੈ। ਇਹੋ ਜਿਹੀਆਂ ਗੱਲਾਂ ਕਰਕੇ ਲੋਕਾਂ ਦਾ ਕ੍ਰੋਧ ਦਾ ਪਾਤਰ ਬਣਦਾ ਹੈ ਤੇ ਮੁੰਦਰੀ ਜਦੋਂ ਆਪਣੀ ਗਵਾਹੀ ਸਮੇਤ ਅੱਗ ਵਿੱਚ ਸੜ ਜਾਂਦਾ ਹੈ। ਪਾਲਾ ਸਿੰਘ, ~~ਬਚਨ~~

ਪ੍ਰ.26. ਪਾਲਾ ਸਿੰਘ, ਬਚਨ ਸਿੰਘ ਨੂੰ ਝੂਠੇ ਮੁਕੱਦਮੇ ਵਿੱਚ ਕਿਉਂ ਫਸਾਉਂਦਾ ਹੈ?

ਉ. ਬਚਨ ਸਿੰਘ, ਮੁੰਦਰੀ ਨੂੰ ਧੀਆਂ ਸਮਾਨ ਪਿਆਰ ਕਰਦਾ ਹੈ। ਪਰੰਤੂ ਪਾਲਾ ਸਿੰਘ ਮੁੰਦਰੀ ਨੂੰ ਆਪਣੇ ਘਰ ਪਰਿਵਾਰ ਦੀ ਗੋਲੀ ਰੱਖਦਾ ਹੈ। ਇਸ ਕਰਕੇ ਉਹ ਬਚਨ ਸਿੰਘ ਨੂੰ ਆਪਣੇ ਰਸਤੇ ਵਿੱਚ ਵੱਡੀ ਰੁਕਾਵਟ ਸਮਝਦਾ ਹੈ।

ਪ੍ਰ.27. ਧਰਮ ਸਿੰਘ ਗੁਰੂ-ਘਰ ਵਿੱਚ ਕਿਹੋ - ਜਿਹੇ ਹਾਲਾਤ ਦੇਖ ਕੇ ਹੈਰਾਨ ਹੋ ਗਿਆ ?

ਉ. ਧਰਮ ਸਿੰਘ ਦੇਖਦਾ ਹੈ ਕਿ ਗੁਰੂ - ਘਰ ਦਾ ਗ੍ਰੰਥੀ ਨਸ਼ੇ ਅਤੇ ਰਗੜੇ (ਭੰਗ) ਦਾ ਸੇਵਨ ਕਰਕੇ ਬੇਸੁੱਧ ਹੋਇਆ ਪਿਆ ਰਹਿੰਦਾ ਹੈ। ਗੁਰੂ - ਘਰ ਨੂੰ ਜਿੰਦਰਾ ਲੱਗਿਆ ਹੋਣ ਕਾਰਨ ਪਿੰਡ ਦਾ ਕੋਈ ਵਿਅਕਤੀ ਸੇਵਾ - ਟਹਿਲ ਨਹੀਂ ਕਰਦਾ ਸੀ। ਗੁਰੂ - ਘਰ ਪਾਸੇ ਵੈਲੀ ਤੇ ਉਸ ਦਾ ਸੰਗਤੀ ਦਾ ਅੱਡਾ ਬਣ ਚੁੱਕਿਆ ਸੀ। ਦਰਬਾਰ ਸਾਹਿਬ ਦਾ ਗੇਟ ਖੋਲ੍ਹ ਕੇ ਗੁਰੂ ਗ੍ਰੰਥ ਸਾਹਿਬ ਉੱਪਰ ਪਈ ਧੂੜ ਦੇਖ ਕੇ ਧਰਮ ਸਿੰਘ ਨੂੰ ਇਉਂ ਜਾਪਿਆ, ਜਿਵੇਂ ਕਦੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਦੇ ਕੀਤਾ ਹੀ ਨਾ ਗਿਆ ਹੋਵੇ।

ਪ੍ਰ.28. ਸੁੰਦਰ ਸਦਾ ਕੌਰ ਕੌਣ ਸੀ ? ਇਹ ਸੁੰਦਰੀ ਨਾਲ ਮਾੜਾ ਵਿਵਹਾਰ ਕਿਉਂ ਕਰਦੀ ਸੀ ?

ਉ. ਸਦਾ ਕੌਰ ਧਰਮ ਸਿੰਘ ਦੀ ਮਾਂ ਹੈ। ਜਿਹੜਾ ਸੁੰਦਰੀ ਨੂੰ ਪਿਆਰ ਕਰਦਾ ਹੈ। ਉਹ ਸਮਝਦੀ ਹੈ ਕਿ ਸੁੰਦਰੀ ਕਰਕੇ ਹੀ ਉਸ ਦੇ ਪੁੱਤਰ ਧਰਮ ਸਿੰਘ ਦਾ ਇਹ ਹਾਲ ਹੋਇਆ ਹੈ। ਪਿੰਡ ਵਾਸੀ ਧਰਮ ਸਿੰਘ ਦੇ ਅਜਿਹੇ ਕਾਰਨਾਮੇ ਲਈ ਸਦਾ ਕੌਰ ਨੂੰ ਬੁਰਾ - ਭਲਾ ਬੋਲਦੇ ਸਨ ਅਤੇ ਸਦਾ ਕੌਰ ਇਸ ਕਰਕੇ ਸੁੰਦਰੀ ਨੂੰ ਦੋਸ਼ੀ ਸਮਝਦੀ ਸੀ ਅਤੇ ਉਸ ਨਾਲ ਮਾੜਾ ਵਰਤਾਉ ਕਰਦੀ ਸੀ।

ਪ੍ਰ.29. ਨਾਵਲ ਵਿੱਚ ਚਿਤਰੀ ਈ. ਹਾਲਤ ਕਿਹੋ - ਜਿਹੀ ਹੈ ?

ਉ. ਨਾਵਲ ਵਿੱਚ ਦੋ ਮੁੱਖ ਪਾਤਰ ਮਾਂ - ਧੀਆਂ ਹਨ ਜੋ ਇਸ ਸਮਾਜ ਅਤੇ ਧਰਮ ਦੇ ਠੇਕੇਦਾਰਾਂ ਦੇ ਜ਼ੁਲਮਾਂ ਦਾ ਸ਼ਿਕਾਰ

ਇਸਤਰੀ ਦੀ ਦਸ਼ਾ ਬਹੁਤ ਤਰਸਯੋਗ ਸੀ ।

ਪ੍ਰ. ੩੦. ਇਸ ਨਾਵਲ ਵਿੱਚ ਨਾਨਕ ਸਿੰਘ ਨੇ ਕਿਹੜੀ ਪ੍ਰਥਾ ਨੂੰ ਉਭਾਰਿਆ ਹੈ ਅਤੇ ਕਿਵੇਂ ?

ਉ. ਇਸ ਨਾਵਲ ਵਿੱਚ ਨਾਨਕ ਸਿੰਘ ਨੇ 'ਸੌਤ ਕੋਹ ਦਾ ਪਰਦਾ' ਦੀ ਪ੍ਰਥਾ ਨੂੰ ਉਭਾਰਿਆ ਹੈ। ਨਿਰਦੋਸ਼ ਬਚਨ ਸਿੰਘ ਫਾਹੇ ਲਾਇਆ ਹੈ। ਨਿਰਦੋਸ਼ ਰੋਡੂ ਜਿਊਂਦਾ ਅੱਗ ਵਿੱਚ ਸਾੜ ਦਿੱਤਾ ਜਾਂਦਾ ਹੈ। ਨਿਰਦੋਸ਼ ਸੁੰਦਰੀ ਤੇ ਗੁਰਦੇਈ ਨੂੰ ਆਤਮਘਾਤ ਕਰਨਾ ਪੈਂਦਾ ਹੈ ਭਾਵੇਂ ਬਾਕੀ ਦੀਆਂ ਔਰਤਾਂ ਨੂੰ ਸਜ਼ਾ ਮਿਲਦੀ ਹੈ, ਪਰ ਕਈ ਦੀਆਂ ਔਰਤਾਂ ਦੀ ਜ਼ਿੰਦਗੀਆਂ ਨਹੀਂ ਬਚਾਈਆਂ ਗਈਆਂ ।